(10)

¼10½

## ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

## ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ

ਸੰ. ਐਫ.01/ਡੀ.ਡੀ.ਐਮ.ਏ./ਕੋਵਿਡ-19/ ਮਿਤੀ 30.03.2020

### ਹੁਕਮ

ਜਦੋਂ ਕਿ, ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ ਦੀ ਧਾਰਾ 22 ਦੇ ਤਹਿਤ ਮੌਜੂਦ ਸ਼ਕਤੀਆਂ ਦੀ ਪਾਲਣਾ ਕਰਦੇ ਹੋਏ, ਰਾਜ ਕਾਰਜਕਾਰੀ ਸਮਿਤੀ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੇ ਪ੍ਰਧਾਨ ਦੇ ਰੂਪ ਵਿਚ, ਨਿਮਨ ਹਸਤਾਖ਼ਰੀ ਦੁਆਰਾ ਹੁਕਮ ਨੰ. 121, ਮਿਤੀ 25.03.2020 ਅਤੇ ਅਨੁਲਗ ਅਨੁਸਾਰ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੇ ਵਿਭਾਗਾਂ ਲਈ ਇਸ ਨਿਰਦੇਸ਼ ਦੇ ਨਾਲ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ ਕਿ ਜਿਹਨਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਏਗਾ।

ਅਤੇ ਜਦੋਂ ਕਿ ਨਿਮਨ ਹਸਤਾਖ਼ਰੀ ਦੁਆਰਾ ਉਪਰੋਕਤ ਹੁਕਮ ਨੰ. 121 ਦੇ ਨਾਲ ਬਾਕੀ ਰੂਪ ਵਿਚ ਦਿਸ਼ਾ ਨਿਰਦੇਸ਼ਾਂ ਦੇ ਨਾਲ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੇ ਵਿਭਾਗਾਂ ਲਈ ਇਸ ਨਿਰਦੇਸ਼ ਦੇ ਨਾਲ ਇਕ ਹੋਰ ਹੁਕਮ ਨੰ. 122, ਮਿਤੀ 26.03.2020 ਜਾਰੀ ਕੀਤਾ ਗਿਆ ਸੀ ਕਿ ਇਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਏਗਾ।

ਅਤੇ ਜਦੋਂ ਕਿ ਲਾਕਡਾਊਨ ਦੇ ਤਰੀਕਿਆਂ ਨੂੰ ਸਖ਼ਤੀ ਨਾਲ ਲਾਗੂ ਕਰਨ ਅਤੇ ਗਰੀਬਾਂ ਤੇ ਜ਼ਰੂਰਮੰਦ ਵਿਅਕਤੀਆਂ ਨੂੰ ਰਾਹਤ ਪਹੁੰਚਾਉਣ ਸਹਿਤ ਲਾਕਡਾਊਨ ਮਾਪਦੰਡਾਂ ਕਾਰਨ, ਜਾਣ ਵਾਲੇ ਪ੍ਰਵਾਸੀ ਮਜ਼ਦੂਰਾਂ ਨੂੰ ਰੋਕੇ ਜਾਣ ਲਈ ਇਕ ਹੋਰ ਹੁਕਮ ਨੰ. 122-ਏ, ਮਿਤੀ 29.03.2020 ਜਾਰੀ ਕੀਤਾ ਗਿਆ ਸੀ।

ਇਸ ਲਈ, ਹੁਣ ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ ਦੀ ਧਾਰਾ 22 ਦੇ ਤਹਿਤ ਅਧਿਕਾਰਾਂ ਦੀ ਪਾਲਣਾ ਦੁਆਰਾ, ਰਾਜ ਕਾਰਜਕਾਰੀ ਸਮਿਤੀ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਦੇ ਮੁਖੀ ਦੇ ਰੂਪ ਵਿਚ, ਨਿਮਨ ਹਸਤਾਖ਼ਰੀ ਦੁਆਰਾ ਸਖ਼ਤੀ ਨਾਲ ਪਾਲਣ ਕਰਨ ਲਈ ਹੇਠ ਲਿਖੇ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ। ਇਹ ਹੁਕਮ ਦਿੱਲੀ ਦੇ ਸਾਰੇ ਹਿੱਸਿਆਂ ਵਿਚ 14 ਅਪ੍ਰੈਲ, 2020 ਦੀ ਅੱਧੀ ਰਾਤ ਤੱਕ ਲਾਗੂ ਰਹੇਗਾ।

ੳ ਭਾਗ 2 ਦੇ ਅਪਵਾਦ ਸਰੂਪ ਉਪ-ਭਾਗ (ਜੀ) ਅਤੇ (ਐਚ) ਨੂੰ ਜੋੜੇ ਜਾਣਾ।

ਜੀ. ਖੇਤੀ ਉਤਪਾਦਾਂ ਦੀ ਖਰੀਦ ਵਿਚ ਲੱਗੀਆਂ ਏਜੰਸੀਆਂ ਸਹਿਤ ਐਮ.ਐਸ.ਪੀ. ਆਪ੍ਰੇਸ਼ਨ।

ਐਚ. ਖੇਤੀ ਉਤਪਾਦ ਬਾਜ਼ਾਰ ਸਮਿਤੀ ਦੁਆਰਾ ਸੰਚਾਲਿਤ 'ਮੰਡੀਆਂ' ਜਾਂ ਜਿਵੇਂ ਰਾਜ ਸਰਕਾਰਾਂ ਦੁਆਰਾ ਅਧਿਸੂਚਿਤ ਕੀਤਾ ਜਾਂਦਾ ਹੋਵੇ।

ਅ ਭਾਗ 4 ਦੇ ਅਪਵਾਦ ਸਰੂਪ ਉਪ-ਭਾਗ (ਏ) ਵਿਚ ਖਾਦ ਦੀਆਂ ਦੁਕਾਨਾਂ ਸ਼ਾਮਲ ਹਨ।

ੲ ਭਾਗ 4 ਦੇ ਅਪਵਾਦ ਸਰੂਪ ਉਪ-ਭਾਗ (ਆਈ) ਅਤੇ (ਐਮ) ਨੂੰ ਜੋੜੇ ਜਾਣਾ।

ਐਲ. ਕਿਸਾਨਾਂ ਅਤੇ ਖੇਤਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਦੁਆਰਾ ਖੇਤੀ ਦੇ ਕਾਰਜ।

ਐਮ. ਫਾਰਮ ਮਸ਼ੀਨਰੀ ਨਾਲ ਸੰਬੰਧਤ 'ਕਸਟਮ ਹਾਯਰਿੰਗ ਸੈਂਟਰ (ਸੀ.ਐਚ.ਸੀ.)'।

Scanned with CamScanner

ਸ ਭਾਗ 5 ਦੇ ਅਪਵਾਦ ਸਰੂਪ ਉਪ-ਭਾਗ (ਈ) ਨੂੰ ਜੋੜੇ ਜਾਣਾ।

ਈ. ਖਾਦਾਂ, ਕੀਟਨਾਸ਼ਕਾਂ ਅਤੇ ਬੀਜਾਂ ਦਾ ਨਿਰਮਾਣ ਅਤੇ ਪੈਕੇਜਿੰਗ ਇਕਾਈਆਂ।

ਕ ਭਾਗ 6 ਦੇ ਅਪਵਾਦ ਸਰੂਪ ਉਪ-ਭਾਗ (ਈ) ਨੂੰ ਜੋੜੇ ਜਾਣਾ

ਈ. ਕਟਾਈ ਅਤੇ ਬਿਜਾਈ ਨਾਲ ਸੰਬੰਧਿਤ ਮਸ਼ੀਨਾਂ ਜਿਵੇਂ ਸਾਂਝੀ ਕਟਾਈ ਅਤੇ ਹੋਰ ਖੇਤੀ/ਬਾਗ਼ਬਾਨੀ ਸੰਬੰਧੀ ਔਜਾਰ ਅਤੇ ਅੰਤ 'ਤੇ ਅੰਤਰਰਾਜੀ ਆਵਾਜਾਈ।

ਉਪਰੋਕਤ ਹੁਕਮਾਂ ਵਿਚ ਹੇਠ ਲਿਖੇ ਨੂੰ ਵੀ ਸਾਫ਼ ਕੀਤਾ ਜਾਂਦਾ ਹੈ :

ੳ ਪਹਿਲੀ ਅੰਤਿਕਾ ਦੇ ਜਾਰੀ ਹੋਣ ਦੇ ਨਾਲ, ਜ਼ਰੂਰੀ ਅਤੇ ਗ਼ੈਰ-ਜ਼ਰੂਰੀ ਵਸਤੂਆਂ ਦਾ ਫਰਕ ਕੀਤੇ ਬਿਨਾ ਸਾਰੀ ਸਮੱਗਰੀ ਦੇ ਢੋਣ ਦੀ ਮਨਜ਼ੂਰੀ ਦਿੱਤੀ ਗਈ ਹੈ।

ਅ ਭਾਗ 2 (ਜੀ) ਦੇ ਤਹਿਤ ਛੋਟ ਪ੍ਰਾਪਤ 'ਪੈਨਸ਼ਨ' ਵਿਚ ਕਰਮਚਾਰੀ ਭਵਿੱਖ ਨਿੱਧੀ ਸੰਗਠਨ (ਈ.ਪੀ.ਐਫ.ਓ.) ਦੁਆਰਾ ਉਪਲਬਧ ਕਰਾਈ ਜਾਣ ਵਾਲੀ ਪੈਨਸ਼ਨ ਅਤੇ ਭਵਿੱਖ ਨਿਧੀ ਸੇਵਾਵਾਂ ਸ਼ਾਮਲ ਹਨ।

ੲ ਭਾਰਤੀ ਰੈੱਡ ਕ੍ਰਾਸ ਸੋਸਾਇਟੀ ਦੀਆਂ ਸੇਵਾਵਾਂ ਨੂੰ ਵੀ ਭਾਗ 3 ਵਿਚ ਸ਼ਾਮਲ ਕੀਤਾ ਜਾਂਦਾ ਹੈ।

ਸ ਰਾਸ਼ਨ ਵਿਚ ਸਿਹਤਮੰਦ ਉਤਪਾਦ ਜਿਵੇਂ ਹੈਂਡ ਵਾਸ਼, ਸਾਬਣ, ਡਿਸਇਨਫੈਕਟੈਂਟ, ਬਾਡੀ ਵਾਸ਼, ਸ਼ੈਂਪੂ, ਸਰਫੇਸ ਕਲੀਨਰ, ਡਿਟਰਜੈਂਟ ਅਤੇ ਟਿਸ਼ੂ ਪੇਪਰ, ਟੂਥਪੇਸਟ/ਓਰਲ ਕੇਅਰ, ਸੈਨਿਟਰੀ ਪੈਡ ਅਤੇ ਡਾਇਪਰ, ਬੈਟਰੀ ਸੈਲ, ਚਾਰਜ ਆਦਿ ਸ਼ਾਮਲ ਹਨ।

ਕ ਦੁੱਧ ਦੇ ਭੰਡਾਰਨ ਅਤੇ ਵੰਡਣ ਦੀ ਪੂਰੀ ਸਪਲਾਈ ਚੇਨ ਸਮੇਤ ਇਸ ਦੀ ਪੈਕਿੰਗ ਸਮੱਗਰੀ ਦੀ ਮਨਜ਼ੂਰੀ ਹੈ।

ਖ ਪ੍ਰਿੰਟ ਮੀਡੀਆ ਦੇ ਅੰਤਰਗਤ ਅਖ਼ਬਾਰਾਂ ਦੀ ਡਿਲਿਵਰੀ ਸਪਲਾਈ ਚੇਨ ਦੀ ਵੀ ਮਨਜ਼ੂਰੀ ਹੈ।

ਉਪਰਯੁਕਤ ਤੋਂ ਇਲਾਵਾ, ਕੇਂਦਰ ਸਰਕਾਰ ਨੇ ਬੇਘਰ ਲੋਕਾਂ ਸਮੇਤ ਪ੍ਰਵਾਸੀ ਮਜ਼ਦੂਰਾਂ, ਲਾਕਡਾਊਨ ਤਰੀਕਿਆਂ ਦੇ ਤਹਿਤ ਮਜ਼ਦੂਰਾਂ ਨੂੰ ਰੋਕੇ ਜਾਣ ਅਤੇ ਉਨ੍ਹਾਂ ਨੂੰ ਖਾਣਾ ਆਦਿ ਉਪਲਬਧ ਕਰਾਉਣ ਲਈ ਰਾਹਤ ਕੈਂਪਾਂ ਅਤੇ ਹੋਰ ਥਾਵਾਂ 'ਤੇ ਉਨ੍ਹਾਂ ਦੇ ਪ੍ਰਵਾਸ ਲਈ ਐਸ.ਡੀ.ਆਰ.ਐਫ. ਦੇ ਉਪਯੋਗ ਦੀ ਮਨਜ਼ੂਰੀ ਵੀ ਦਿੱਤੀ ਗਈ ਹੈ ਤਾਂ ਕਿ ਦੇਸ਼ ਵਿਚ ਕੋਵਿਡ-19 ਵਾਇਰਸ ਦੇ ਸੰਕਰਮਨ ਨੂੰ ਫੈਲਣ ਤੋਂ ਰੋਕਿਆ ਜਾ ਸਕੇ।

ਇਸ ਦੇ ਨਾਲ ਹੀ, ਪ੍ਰਵਾਸੀਆਂ ਦੀ ਆਵਾਜਾਈ ਨੂੰ ਰੋਕਣ ਲਈ ਅਤੇ ਉਨ੍ਹਾਂ ਨੂੰ ਕਵਾਰਨਟਾਈਨ ਸਹੂਲਤਾਂ, ਠਹਿਰਨ, ਭੋਜਨ ਆਦਿ ਦੇਣ ਅਤੇ ਮਜ਼ਦੂਰੀ ਦਾ ਭੁਗਤਾਨ ਦਿਵਾਉਣ ਨੂੰ ਪੱਕਾ ਕਰਨ ਅਤੇ ਮਕਾਨ-ਮਾਲਿਕਾਂ ਦੁਆਰਾ ਮਕਾਨ ਖਾਲੀ ਨਾ ਕਰਾਏ ਜਾਣ ਲਈ ਵਾਧੂ ਤਰੀਕਿਆਂ ਰਾਹੀ ਸਖ਼ਤ ਕਾਰਜਸ਼ੀਲਤਾ ਲਈ ਇਕ ਹੋਰ ਹੁਕਮ ਨੰ. 122-ਏ ਮਿਤੀ 29.03.2020 ਨੂੰ ਜਾਰੀ ਕੀਤਾ ਗਿਆ ਸੀ।

(ਵਿਜੇ ਦੇਵ)

ਮੁੱਖ ਸਕੱਤਰ, ਦਿੱਲੀ

ਸੇਵਾ ਵਿਚ,

1- ਵਧੀਕ ਮੁੱਖ ਸਕੱਤਰ (ਹੋਮ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਤੀ ਸਰਕਾਰ।
2- ਵਧੀਕ ਮੁੱਖ ਸਕੱਤਰ (ਪਰਿਵਹਨ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਤੀ ਸਰਕਾਰ।
3- ਪੁਲੀਸ ਕਮਿਸ਼ਨਰ, ਦਿੱਲੀ।

Scanned with CamScanner

4- ਮੁੱਖੀ, ਨਵੀ ਦਿੱਲੀ ਨਗਰ ਪਾਲਿਕਾ ਪ੍ਰੀਸ਼ਦ।
5- ਮੰਡਲ ਕਮਿਸ਼ਨਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ
6- ਕਮਿਸ਼ਨਰ, ਉੱਤਰੀ ਦਿੱਲੀ ਨਗਰ ਨਿਗਮ।
7- ਕਮਿਸ਼ਨਰ, ਦੱਖਣੀ ਦਿੱਲੀ ਨਗਰ ਨਿਗਮ।
8- ਕਮਿਸ਼ਨਰ, ਪੂਰਬੀ ਦਿੱਲੀ ਨਗਰ ਨਿਗਮ।
9- ਐਮ.ਡੀ., ਦਿੱਲੀ ਆਵਾਜਾਈ ਨਿਗਮ
10- ਐਮ.ਡੀ., ਡੀ.ਆਈ.ਐਮ.ਟੀ.ਐਸ.
11- ਸੀ.ਈ.ਓ., ਦਿੱਲੀ ਕੈਂਟ ਬੋਰਡ।
12- ਸਾਰੇ ਜ਼ਿਲ੍ਹਾ ਮੈਜਿਸਟ੍ਰੇਟ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ
13- ਸਾਰੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਪੁਲੀਸ, ਦਿੱਲੀ।

ਕਾਪੀ

1- ਰਾਜ ਕਾਰਜਕਾਰੀ ਸਮਿਤੀ ਦੇ ਸਾਰੇ ਮੈਂਬਰ।

Scanned with CamScanner